01/9/17

# ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ
## ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ

ਈ-ਬਲਾਕ, ਪੰਜਵੀਂ ਮੰਜ਼ਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਸ.ਅ.ਸ. ਨਗਰ (ਮੁਹਾਲੀ)।
ਫੋਨ ਨੰ: 0172-5212342, E_mail: ssacivilworks.punjab@gmail.com

ਵੱਲ

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਪੰਜਾਬ,
2. ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ.) ਪੰਜਾਬ,
3. ਸਮੂਹ ਸਕੂਲ ਮੁੱਖੀ (ਵੈੱਬ ਸਾਈਟ ਰਾਹੀਂ)।

ਮੀਮੋ ਨੰ: ਐਸ.ਐਸ.ਏ./ਸਿ.ਵ./2017/੧੧੧੨
ਮਿਤੀ ੨੧/08/2017

ਵਿਸ਼ਾ :- **Observance of Swachhta Pakhwada during the period from 1st to 15th September, 2017.**

ਹਵਾਲਾ ਭਾਰਤ ਸਰਕਾਰ ਦਾ ਪੱਤਰ ਨੰ. F. 27-8/2014-EE,16 dated 1 August, 2017 ਅਤੇ ਇਸ ਦਫਤਰ ਦੇ ਪੱਤਰ ਨੰ. ਸਸਅ/ਸਿਵਲ ਵਰਕਸ/2017/6385-86 ਮਿਤੀ 21-06-2017.

1.0 ਭਾਰਤ ਸਰਕਾਰ ਦੇ ਨਿਰਦੇਸ਼ਾਂ ਅਨੁਸਾਰ ਰਾਜ ਦੇ ਸਮੂਹ ਸਕੂਲਾਂ ਵਿੱਚ ਮਿਤੀ 01-09-2017 ਤੋਂ 15-09-2017 ਤੱਕ ਸਵੱਛਤਾ ਪਖਵਾੜਾ ਮਨਾਇਆ ਜਾਣਾ ਹੈ, ਜਿਸ ਵਿੱਚ ਦਿਨ/ਮਿਤੀ ਵਾਈਜ਼ ਵੱਖ ਵੱਖ ਤਰ੍ਹਾਂ ਦੀਆਂ ਕ੍ਰਿਆਵਾਂ ਕਰਵਾਈਆਂ ਜਾਣੀਆਂ ਹਨ।

2.0 ਸਵੱਛਤਾ ਪਖਵਾੜੇ ਦੀ ਐਕਸ਼ਨ ਪਲਾਨ ਨਾਲ ਨੱਥੀ ਕਰਕੇ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਇਸ ਨੂੰ ਇੰਨ-ਬਿੰਨ ਲਾਗੂ ਕਰਨਾ ਯਕੀਨੀ ਬਣਾਇਆ ਜਾਵੇ।

3.0 Best Activities ਦੀ ਰਿਪੋਰਟ, ਫੋਟੋਆਂ ਅਤੇ ਵੀਡੀਓ ਇਸ ਦਫਤਰ ਨੂੰ ਭੇਜੀਆਂ ਜਾਣ।

ਨੱਥੀ: ਐਕਸ਼ਨ ਪਲਾਨ

ਡਾਇਰੈਕਟਰ ਜਨਰਲ ਸਕੂਲ ਸਿੱਖਿਆ,
ਪੰਜਾਬ।

ਪਿੱਠ ਅੰਕਣ ਨੰ. ਐਸ.ਐਸ.ਏ./ਸਿ.ਵ./2017/ ਮਿਤੀ /08/2017

ਉਪਰੋਕਤ ਦਾ ਉਤਾਰਾ ਸਮੂਹ ਡਿਪਟੀ ਕਮਿਸ਼ਨਰਜ਼ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

-ਸਹੀ-
ਡਾਇਰੈਕਟਰ ਜਨਰਲ ਸਕੂਲ ਸਿੱਖਿਆ,
ਪੰਜਾਬ।

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਮਾਨਸਾ
ਪਿੱ:ਅੰ:ਨੰ: ਸੀ-111 (1) 2017/8 / 5699 ਮਿਤੀ ਮਾਨਸਾ 1.9.17
ਉਪਰੋਕਤ ਦਾ ਉਤਾਰਾ ਜ਼ਿਲ੍ਹੇ ਦੇ ਸਮੂਹ ਪ੍ਰਿੰਸੀਪਲ/ਮੁੱਖ-ਅਧਿਆਪਕ ਨੂੰ ਭੇਜ ਕਿ ਹਦਾਇਤ ਕੀਤੀ ਜਾਂਦੀ ਹੈ ਕਿ ਉਕਤ ਪੱਤਰ ਦੀਆਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ

LetterJune2017

1/9/17

# ਸਵੱਛਤਾ ਪਖਵਾੜਾ ਲਈ ਐਕਸ਼ਨ ਪਲਾਨ (1-15 ਸਤੰਬਰ, 2017)

ਸਵੱਛਤਾ ਪਖਵਾੜਾ ਸਾਲ 2017 ਲਈ ਸੁਝਾਈ ਗਈ ਐਕਸ਼ਨ ਪਲਾਨ: 1-15 ਸਤੰਬਰ, 2017: ਟੀਚਰ ਡੇ ਸੈਲੀਬ੍ਰੇਸ਼ਨ (5 ਸਤੰਬਰ)

**01.09.2017 (ਸ਼ੁੱਕਰਵਾਰ)**

**ਸਵੱਛਤਾ ਸ਼ਪਥ ਦਿਵਸ**

- ਵਿਭਾਗ/ਸੰਸਥਾ/ਸਕੂਲ ਦੀ ਵੈਬਸਾਈਟ ਤੇ ਸਵੱਛਤਾ ਜਾਗਰੂਕਤਾ ਸੰਦੇਸ਼ ਪਾਉਣਾ। ਪੱਖਵਾੜੇ ਦੇ ਪਹਿਲੇ ਦਿਨ 01 ਸਤੰਬਰ 2017 ਨੂੰ ਸਵੱਛਤਾ ਸ਼ਪਥ ਦਾ ਪ੍ਰੋਗਰਾਮ ਕਰਵਾਇਆ ਜਾਵੇ ਜਿਸ ਵਿੱਚ ਸਾਰੇ ਵਿਦਿਆਰਥੀ ਅਤੇ ਅਧਿਆਪਕ/ਸਟਾਫ ਵੱਲੋਂ ਭਾਗ ਲਿਆ ਜਾਵੇ।

**02.09.2017 (ਸ਼ਨਿਵਾਰ)**

**ਸਵੱਛਤਾ ਜਾਗਰੂਕਤਾ ਦਿਵਸ**

- ਪਖਵਾੜੇ ਦੇ ਦੂਜੇ ਦਿਨ ਐਸ.ਐਮ.ਸੀ./ਪੀ.ਟੀ.ਏ ਜਾਂ ਮਾਪਿਆਂ ਅਤੇ ਅਧਿਆਪਕਾਂ ਵਿੱਚ ਮੀਟਿੰਗ ਰੱਖੀ ਜਾਵੇ ਜਿਸ ਵਿੱਚ ਵਦਿਆਰਥੀਆਂ ਤੇ ਅਧਿਆਪਕਾਂ ਵਿੱਚ ਸਫਾਈ ਅਤੇ ਸੈਨੀਟੇਸਨ ਦੀ ਮਹੱਤਤਾ ਨੂੰ ਉਜਾਗਰ ਕੀਤਾ ਜਾਵੇ ਅਤੇ ਹਾਈਜੀਨ ਅਤੇ ਸਕੂਲ ਦੇ ਨਾਲ-ਨਾਲ ਘਰ ਵਿੱਚ ਸੈਨੀਟੇਸਨ ਅਤੇ ਸਫਾਈ ਰੱਖਣ ਦੀ ਚੰਗੀ ਆਦਤ ਨੂੰ ਬਣਾਈ ਰੱਖਣ ਲਈ ਉਤਸਾਹਿਤ ਕੀਤਾ ਜਾਵੇ।
- ਸਵੇਰ ਦੀ ਸਭਾ ਵਿੱਚ ਸਵੱਛਤਾ ਬਾਰੇ ਬੱਚਿਆਂ ਨੂੰ ਦੱਸਿਆ ਜਾਵੇ।

**03.09.2017 (ਐਤਵਾਰ)**

**ਸਫਾਈ ਦਾ ਰੱਖਰਖਾਵ ਅਤੇ ਯੋਜਨਾਬੰਦੀ ਦਿਵਸ**

- ਅਧਿਆਪਕ ਵੱਲੋਂ ਸਕੂਲ/ਸੰਸਥਾ ਦੇ ਹਰ ਥਾਂ ਤੇ ਸਫਾਈ ਸਹੂਲਤਾਂ ਦਾ ਨਿਰੀਖਣ ਕੀਤਾ ਜਾਵੇ ਅਤੇ ਇਨ੍ਹਾਂ ਦੀ ਦੇਖਭਾਲ ਲਈ ਯੋਜਨਾ/ਤਜਵੀਜ ਬਣਾਈ ਜਾਵੇ।
- ਵਿਦਿਆਰਥੀਆਂ/ਅਧਿਆਪਕਾਂ/ਸਟਾਫ ਦੀ ਮਦਦ ਨਾਲ ਸਕੂਲ/ਸੰਸਥਾ ਦੀ ਸਫਾਈ ਲਈ ਵੱਡੇ ਪੱਧਰ ਤੇ ਡਰਾਈਵ ਚਲਾਈ ਜਾਵੇ।
- ਇਸ ਵਿੱਚ ਟੁਆਈਲਟਸ, ਮਿਡ-ਡੇ-ਮੀਲ ਕਿਚਨ, ਕਲਾਸ ਰੂਮਜ਼, ਪੱਖੇ, ਖਿੜਕੀਆਂ ਦੀ ਸਫਾਈ ਅਤੇ ਕੈਂਪਸ/ਆਲੇਦੁਆਲੇ ਵਿੱਚ ਖਿਲਰੇ ਪੱਤੇ ਤੇ ਝਾੜੀਆਂ ਦੀ ਸਫਾਈ ਨੂੰ ਵੀ ਸ਼ਾਮਿਲ ਕਰਨਾ ਚਾਹੀਦਾ ਹੈ।

**04.09.2017 (ਸੋਮਵਾਰ)**

**ਗਰੀਨ ਸਕੂਲ ਡਰਾਇਵ**

- ਸਕੂਲ ਚੁਗਿਰਦੇ ਵਿੱਚ ਅਤੇ ਪਖਾਨਿਆਂ ਦੇ ਆਸ-ਪਾਸ ਪੌਦੇ ਲਗਾਉਣਾ ਅਤੇ ਬਾਗਬਾਨੀ ਲਈ ਵਿਅਰਥ ਜਾਣ ਵਾਲੇ ਪਾਣੀ ਦੀ ਵਰਤੋਂ ਕਰਨਾ।

**05.09.2017 (ਮੰਗਲਵਾਰ)**

**ਸਵੱਛਤਾ ਸਹਿਭਾਗਤਾ ਦਿਨ (Swacchta Participation Day)**

- ਸਕੂਲ ਵਿੱਚ ਟੁਆਇਲਟਸ ਅਤੇ ਆਲੇ-ਦੁਆਲੇ ਦੀ ਸਫਾਈ ਅਤੇ ਰੱਖ-ਰਖਾਵ ਲਈ ਜਿਲ੍ਹਾ/ਬਲਾਕ/ਕਲਸਟਰ ਪੱਧਰ ਤੇ ਪ੍ਰਤੀ-ਯੋਗਿਤਾ ਕਰਵਾਈ ਜਾ ਸਕਦੀ ਹੈ।
- ਸਕੂਲ ਵਿੱਚ ਸਫਾਈ ਅਤੇ ਸਵੱਛਤਾ ਦੀ ਆਦਤ ਲਈ ਵਿਦਿਆਰਥੀਆਂ ਦੇ ਲੇਖ/ਕੁਇਜ ਪ੍ਰਤੀ-ਯੋਗਿਤਾ ਕਰਵਾਉਣਾ।

- ਸਵੱਛਤਾ ਉੱਤੇ ਸਕਿੱਟ ਅਤੇ ਕਵਿਤਾ ਕਰਵਾਉਣਾ

**06-09-2017 (ਬੁੱਧਵਾਰ)**

**ਨਹੁੰ ਕੱਟਣਾ ਅਤੇ ਸਫਾਈ ਦਿਵਸ (Nail Cleanliness Day)**

- ਵਿਦਿਆਰਥੀ ਨਹੁੰ ਕੱਟਣ ਅਤੇ ਸਾਫ ਰੱਖਣਾ ਸਿੱਖਣਗੇ

**07.09.2017 (ਵੀਰਵਾਰ)**

**ਹੈਂਡ ਵਾਸ਼ ਡੇ (Hand Wash Day)**

- ਬੱਚਿਆਂ ਨੂੰ ਖਾਣਾ ਖਾਣ ਤੋਂ ਪਹਿਲਾਂ ਹੱਥ ਧੋਣ ਦਾ ਸਹੀ ਤਰੀਕਾ ਸਿਖਾਇਆ ਜਾਣਾ ਚਾਹੀਦਾ ਹੈ।

**08.09.2017 (ਸੁੱਕਰਵਾਰ)**

**ਨਿੱਜੀ ਸਫਾਈ ਦਿਵਸ (Personal Hygiene Day)**

- ਸਵੱਛਤਾ ਦੇ ਤੌਰ ਤਰੀਕਿਆਂ ਰਾਹੀਂ ਸਿਹਤ ਤੇ ਪੈਂਦੇ ਪ੍ਰਭਾਵਾਂ ਨੂੰ ਜਾਣਨਾ

**09.09.2017 (ਸ਼ਨੀਵਾਰ)**

**ਟੁਆਇਲਟ ਜਾਗਰੂਕਤਾ ਦਿਵਸ**

- ਵਿਦਿਆਰਥੀਆਂ ਨੂੰ ਸਾਫ ਸੁਥਰੇ ਢੰਗ ਨਾਲ ਟੁਆਈਲਟ ਦੀ ਵਰਤੋ ਕਰਨਾ ਸਿਖਾਇਆ ਜਾਵੇਗਾ।
- ਇਸ ਸਮੇਂ ਦੌਰਾਨ ਹੋਣ ਵਾਲੀਆਂ ਐਸ.ਐਮ.ਸੀ. ਦੀ ਮੀਟਿੰਗ ਦੇ ਏਜੰਡੇ ਵਿੱਚ ਸਕੂਲ ਵੱਲੋਂ ਸਵੱਛਤਾ ਸਬੰਧੀ ਏਜੰਡਾ ਵੀ ਸਾਮਿਲ ਕੀਤਾ ਜਾਵੇ।
- ਪਾਣੀ ਦੀ ਬਰਬਾਦੀ ਨੂੰ ਰੋਕਿਆ ਜਾਵੇ।
- ਹੈਂਡਵਾਸ ਦੇ ਪਾਣੀ ਨੂੰ ਬਾਗਬਾਨੀ ਲਈ ਵਰਤਿਆ ਜਾਵੇ।

**10.09.2017 (ਐਤਵਾਰ)**

**ਕਮਿਊਨਿਟੀ ਜਾਗਰੂਕਤਾ ਦਿਵਸ**

- ਸਕੂਲ/ਸੰਸਥਾ ਵਿੱਖੇ ਸਵੱਛਤਾ ਅਭਿਆਨ ਵਿੱਚ ਭਾਈਚਾਰੇ ਦੀ ਭਾਗੀਦਾਰੀ ਤੇ ਜਿਆਦਾ ਧਿਆਨ ਦਿੱਤਾ ਜਾਵੇ। ਨੇੜਲੇ ਇਲਾਕਿਆਂ ਵਿੱਚ ਚਲਾਈ ਜਾਣ ਵਾਲੀ ਸਫਾਈ ਤੇ ਜਾਗਰੂਕਤਾ ਮੁਹਿੰਮ ਵਿੱਚ ਅਧਿਆਪਕਾ ਨੂੰ ਸ਼ਾਮਿਲ ਕੀਤਾ ਜਾਵੇ।
- School March ਦੌਰਾਨ ਨਾਅਰੇ ਲਗਾਏ ਜਾਣ।

**11.09.2017 (ਸੋਮਵਾਰ)**

**ਸਵੱਛਤਾ ਸਕੂਲ ਪ੍ਰਦਰਸ਼ਨੀ ਦਿਵਸ**

- ਸਕੂਲਾਂ ਵਿੱਚ ਸਵੱਛਤਾ ਗਤੀਵਿਧੀਆਂ ਸਬੰਧੀ ਫੋਟੋਆਂ, ਪੇਟਿੰਗ, ਕਾਰਟੂਨ ਅਤੇ ਸਲੋਗਨ ਲਗਾਏ ਜਾਣ। ਮਾਤਾ ਪਿਤਾ ਅਤੇ ਸਥਾਨਕ ਭਾਈਚਾਰੇ ਨੂੰ ਪ੍ਰਦਰਸ਼ਨੀ ਵਿੱਚ ਆਉਣ ਲਈ ਸੱਦਾ ਦਿੱਤਾ ਜਾਵੇ।
- ਇਲੈਕਟ੍ਰੋਨਿਕ ਬੈਨਰ ਤਿਆਰ ਕਰ ਕੇ ਵਿਭਾਗ ਦੀ ਵੈਬਸਾਇਟ ਤੇ ਅਪਲੋਡ ਕੀਤਾ ਜਾਵੇ ਤਾਂ ਜੋ ਮਨਾਏ ਜਾਣ ਵਾਲੇ ਪਖਵਾੜੇ ਨੂੰ highlight ਕੀਤਾ ਜਾ ਸਕੇ। ਸ਼ੋਸ਼ਲ ਮੀਡਿਆ, ਪ੍ਰਿੰਟ ਅਤੇ ਇਲੈਕਟ੍ਰਾਨਿਕ ਮੀਡਿਆ ਰਾਹੀ ਵੀ ਇਸ ਦਾ ਪ੍ਰਚਾਰ ਕੀਤਾ ਜਾਵੇ। ਇਹਨਾਂ ਵਿੱਚੋ ਕੁੱਝ ਪ੍ਰਦਰਸ਼ਨੀਆਂ ਨੂੰ ਰਾਜ ਵੱਲੋ document ਕੀਤਾ ਜਾਵੇ।